# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿੱ), ਪੰਜਾਬ

ਵੱਲ

1. ਸਮੂਹ ਜਿਲਾ ਸਿੱਖਿਆ ਅਫਸਰ (ਐ.ਸਿੱ), ਪੰਜਾਬ।
2. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ।

ਮੀਮੋਨੰ: DySPD (PEDB)/2020/ 120300
ਮਿਤੀ: 27.05.2020

**ਵਿਸ਼ਾ: Teachers Transfer ਸਬੰਧੀ।**

**ਹਵਾਲਾ:** ਇਸ ਦਫਤਰ ਦੀ ਜਨਤਕ ਸੂਚਨਾ DySPD (PEDB)/2020/nil, ਮਿਤੀ: 23.05.2020

1.0 ਉਪਰੋਕਤ ਵਿਸ਼ਾ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਇਸ ਦਫਤਰ ਵੱਲੋਂ ਜਾਰੀ ਜਨਤਕ ਸੂਚਨਾ ਰਾਹੀਂ Education Provider, EGS/AIE/STR Volunteers ਨੂੰ ਸਾਲ 2020 ਦੌਰਾਨ ਨਿਯਮਾਂ ਅਨੁਸਾਰ ਬਦਲੀ ਕਰਵਾਉਣ ਲਈ ਸੱਦਾ ਦਿੱਤਾ ਗਿਆ ਹੈ। ਬਹੁਤ ਸਾਰੇ Education Provider, EGS/AIE/STR Volunteers ਤੋਂ ਬਦਲੀਆਂ ਸਬੰਧੀ ਪ੍ਰਸ਼ਨ ਇਸ ਦਫਤਰ ਨਾਲ ਸੰਪਰਕ ਕਰਕੇ ਪੁਛੇ ਜਾ ਰਹੇ ਹਨ।

2.0 Education Provider, EGS/AIE/STR Volunteers ਵੱਲੋਂ ਪੁਛੇ ਜਾ ਰਹੇ ਪ੍ਰਸ਼ਨਾਂ ਦੇ ਸਪਸ਼ਟੀਕਰਨ ਹੇਠ ਲਿਖੇ ਅਨੁਸਾਰ ਹਨ:

| ਲੜੀ ਨੰ | ਪ੍ਰਸ਼ਨ | ਵਿਸ਼ੇਸ਼ ਕਥਨ |
|---|---|---|
| 1 | ਬਹੁਤ ਸਾਰੇ Education Provider, EGS/AIE/STR Volunteers ਦੀ ਪਿੱਤਰੀ ਸਕੂਲ ਭਾਵ ਨਿਯੁਕਤੀ ਵਾਲਾ ਸਕੂਲ ਜਾਂ ਜਿੱਥੇ ਮੁੱਖ ਦਫਤਰ ਵੱਲੋਂ ਬਦਲੀ ਕੀਤੀ ਗਈ ਸੀ ਉਸ ਸਕੂਲ ਤੋਂ ਜਿਲਾ ਪੱਧਰ ਤੇ ਜਾਂ ਬਲਾਕ ਪੱਧਰ ਤੇ ਆਰਜੀ ਡਿਊਟੀ ਕਿਸੇ ਹੋਰ ਸਕੂਲ ਵਿੱਚ ਲੋੜ ਅਨੁਸਾਰ ਲਗਾਈ ਗਈ ਹੈ ਅਤੇ ਈ-ਪੰਜਾਬ ਪੋਰਟਲ ਤੇ ਉਨ੍ਹਾਂ ਦਾ ਡਾਟਾ ਵੀ ਆਰਜੀ ਡਿਊਟੀ ਵਾਲੇ ਸਕੂਲ ਵਿੱਚ ਸ਼ਿਫਟ ਕੀਤਾ ਜਾ ਚੁਕਾ ਹੈ। ਹੁਣ ਬਦਲੀ ਲਈ ਉਹ ਕਿਸ ਸਕੂਲ ਤੋਂ ਅਪਲਾਈ ਕਰਨ ਪਿੱਤਰੀ ਸਕੂਲ ਜਾਂ ਆਰਜੀ ਬਦਲੀ ਵਾਲੇ ਸਕੂਲ ਤੋਂ? | Education Provider, EGS/AIE/STR Volunteers ਆਪਣੇ ਪਿੱਤਰੀ ਸਕੂਲ ਭਾਵ ਨਿਯੁਕਤੀ ਵਾਲੇ ਸਕੂਲ ਜਾਂ ਜਿੱਥੇ ਮੁੱਖ ਦਫਤਰ ਵੱਲੋਂ ਬਦਲੀ ਕੀਤੀ ਗਈ ਸੀ ਤੋਂ ਬਦਲੀ ਲਈ ਅਪਲਾਈ ਕਰਨਗੇ। ਜੇਕਰ ਉਨ੍ਹਾਂ ਦਾ ਡਾਟਾ ਈ ਪੰਜਾਬ ਪੋਰਟਲ ਤੇ ਆਰਜੀ ਡਿਊਟੀ ਵਾਲੇ ਸਕੂਲ ਵਿਖੇ ਸ਼ਿਫਟ ਹੋ ਗਿਆ ਹੈ ਤਾਂ ਉਹ ਵਾਪਸ ਪਿੱਤਰੀ ਸਕੂਲ ਵਿੱਚ ਡਾਟਾ ਸ਼ਿਫਟ ਕਰਵਾਉਣ ਲਈ ਬੇਨਤੀ ਜਿਲਾ ਐਮ.ਆਈ.ਐਸ ਕੋਆਰਡੀਨੇਟਰ ਰਾਹੀਂ ਮੁੱਖ ਦਫਤਰ ਨੂੰ ਭੇਜਣਗੇ। |

27/5/20

**ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿੱ), ਪੰਜਾਬ**